# ਦਫਤਰ ਜ਼ਿਲ੍ਹਾ ਮੈਜਿਸਟਰੇਟ, ਅੰਮ੍ਰਿਤਸਰ।

## (ਕੋਵਿਡ-19 ਕੰਟਰੋਲ ਰੂਮ)

**ਹੁਕਮ**

ਸਿਵਲ ਸਰਜਨ, ਅੰਮ੍ਰਿਤਸਰ ਵੱਲੋਂ ਪੱਤਰ ਨੰਬਰ IDSP/ASR/2020/621-623 ਮਿਤੀ 29.07.2020 ਰਾਹੀਂ ਡਾਇਰੈਕਟਰ, ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਚੰਡੀਗੜ੍ਹ ਜੀ ਪਾਸੋਂ ਪੱਤਰ ਨੰਬਰ IDSP/NHM/Pb/2020/6702-45 ਮਿਤੀ 17.06.2020 ਰਾਹੀਂ ਪ੍ਰਾਪਤ ਹੋਈਆ ਹਦਾਇਤਾਂ ਦੀ ਪਾਲਣਾਂ ਕਰਦਿਆਂ ਹੋਇਆਂ ਜ਼ਿਲ੍ਹਾ ਅੰਮ੍ਰਿਤਸਰ ਦੇ ਹੇਠ ਲਿਖੇ ਖੇਤਰਾਂ ਵਿੱਚ ਕੋਵਿਡ-19 ਦੇ 5 ਜਾਂ ਇਸ ਤੋਂ ਵੱਧ ਪੋਜ਼ਟਿਵ ਕੇਸ ਪਾਏ ਜਾਣ ਦੇ ਕਾਰਨ ਇਹਨਾਂ ਖੇਤਰਾਂ ਨੂੰ ਮਾਈਕਰੋ- ਕੰਟਨੇਟਮੈਂਟ ਜ਼ੋਨ ਘੋਸ਼ਿਤ ਕਰਨ ਦੀ ਤਜਵੀਜ਼ ਇਸ ਦਫਤਰ ਨੂੰ ਪੇਸ਼ ਕੀਤੀ ਹੈ।

ਵਧੀਕ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਜੀ ਦੇ ਹੁਕਮ ਜੋ ਪੱਤਰ ਪਿੱਠਅੰਕਣ ਨੰਬਰ COVID-19/NHM/1476-1483 ਮਿਤੀ 18.06.2020 ਅਨੁਸਾਰ "*Any specific area within a village/ward having more than 5 and up to 15 Covid positive cases and with a population of not more than 500 shall be designated as Micro Containment Zone*"

ਇਸ ਲਈ ਸਿਵਲ ਸਰਜਨ, ਅੰਮ੍ਰਿਤਸਰ ਪਾਸੋਂ ਪੱਤਰ ਨੰਬਰ IDSP/ASR/2020/621-623 ਮਿਤੀ 29.07.2020 ਪ੍ਰਾਪਤ ਹੋਈ ਤਜਵੀਜ਼ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹਾ ਅੰਮ੍ਰਿਤਸਰ ਦੇ ਹੇਠ ਲਿਖੇ ਇਲਾਕਿਆ ਵਿੱਚ ਕੋਵਿਡ-19 ਦੇ 5 ਜਾਂ ਇਸ ਤੋਂ ਵੱਧ ਪੋਜ਼ਟਿਵ ਕੇਸ ਪਾਏ ਜਾਣ ਕਰਕੇ Micro Containment Zone ਘੋਸ਼ਿਤ ਕੀਤਾ ਜਾਂਦਾ ਹੈ:-

| ਲੜੀ ਨੰਬਰ | ਇਲਾਕੇ ਦਾ ਨਾਮ | ਏਰੀਆ ਦੀ ਜਨਸੰਖਿਆ | ਐਕਟਿਵ ਕੋਵਿਡ-19 ਪੋਜ਼ਟਿਵ ਕੇਸਾਂ ਦੀ ਗਿਣਤੀ | ਤਹਿਸੀਲ |
|---|---|---|---|---|
| 1 | ਕਾਂਵੇ, ਬਲਾਕ ਲੋਪੋਕੇ | 85 | 6 | ਅਜਨਾਲਾ |
| 2. | ਪੀ.ਐਸ., ਜੰਡਿਆਲਾ ਗੁਰੂ | 500 | 6 | ਅੰਮ੍ਰਿਤਸਰ-1 |

ਇਹਨਾਂ ਇਲਾਕਿਆ ਵਿੱਚ ਵਧੀਕ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਜੀ ਦੇ ਹੁਕਮ ਜੋ ਪੱਤਰ ਪਿੱਠਅੰਕਣ ਨੰਬਰ COVID-19/NHM/1476-1483 ਮਿਤੀ 18.06.2020 (ਨੱਥੀ) ਵਿਚ ਜ਼ਾਰੀ ਹਦਾਇਤਾਂ ਲਾਗੂ ਹੋਣਗੀਆਂ।

ਵਧੀਕ ਜ਼ਿਲ੍ਹਾ ਮੈਜਿਸਟਰੇਟ,
ਅੰਮ੍ਰਿਤਸਰ।

**ਪਿੱਠਅੰਕਣ ਨੰ: ਕੋਵਿਡ-19/** 3006-13 **ਮਿਤੀ:** 31/7/2020

ਇਸ ਦਾ ਇਕ ਉਤਾਰਾ:

1. ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ,ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਚੰਡੀਗੜ੍ਹ ਜੀ ਨੂੰ ਸੂਚਨਾ ਹਿੱਤ।
2. ਕਮਿਸ਼ਨਰ ਪੁਲਿਸ, ਅੰਮ੍ਰਿਤਸਰ (ਸ਼ਹਿਰੀ) ਜੀ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਇਲਾਕਿਆਂ ਵਿੱਚ ਮਾਈਕਰੋ ਕੰਨਟੇਨਮੈਂਟ ਜ਼ੋਨ ਦੀਆਂ ਹਦਾਇਤਾਂ ਦੀ ਸਖਤੀ ਨਾਲ ਪਾਲਣਾ ਕਰਵਾਈ ਜਾਵੇ।
3. ਡਿਪਟੀ ਡਾਇਰੈਕਟਰ, ਸਥਾਨਕ ਸਰਕਾਰਾਂ, ਅੰਮ੍ਰਿਤਸਰ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਇਲਾਕਿਆਂ ਵਿੱਚ ਰੋਜ਼ਾਨਾ ਸਾਫ ਸਫਾਈ, ਸਪ੍ਰੇਅ ਅਤੇ ਸੈਨੀਟੇਸ਼ਨ ਕਰਵਾਈ ਜਾਵੇ।
4. ਉਪ ਮੰਡਲ ਮੈਜਿਸਟਰੇਟ, ਅੰਮ੍ਰਿਤਸਰ-1 ਅਤੇ ਅਜਨਾਲਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਇਲਾਕਿਆਂ ਵਿਚ ਮਾਈਕਰੋ ਕੰਨਟੇਨਮੈਂਟ ਜ਼ੋਨ ਦੀਆਂ ਸਾਰੀਆਂ ਹਦਾਇਤਾਂ ਦੀ ਪਾਲਣਾ ਕਰਵਾਉਣਾ ਯਕੀਨੀ ਬਣਾਇਆ ਜਾਵੇ।
5. ਸਿਵਲ ਸਰਜਨ, ਅੰਮ੍ਰਿਤਸਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਇਲਾਕਿਆਂ ਵਿਚ ਤੁਰੰਤ active surveillance ਸੁਰੂ ਕੀਤੀ ਜਾਵੇ।
6. ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਅੰਮ੍ਰਿਤਸਰ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।
7. ਪੀ.ਏ. ਟੂ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਜ਼ਿਲ੍ਹਾ ਮੈਜਿਸਟਰੇਟ,
ਅੰਮ੍ਰਿਤਸਰ।

Scanned with CamScanner